6

# ਸਾਹਿਬ ਮੇਰਾ ਨੀਤ ਨਵਾ
# ਸਦਾ ਸਦਾ ਦਾਤਾਰੁ

## Sahib Mera Neet Nava
## Sada Sada Dataar

*"ਜਿਸ ਨੂੰ ਵੀ ਅਸਲ ਪ੍ਰੇਮ ਹੋਵੇਗਾ ਸਵਾਰਥੀ ਪ੍ਰੇਮ ਨਹੀਂ, ਮਤਲਬੀ ਪ੍ਰੇਮ ਨਹੀਂ, ਜਿਸ ਨੂੰ ਉੱਚਾ ਤੇ ਸੁੱਚਾ ਪ੍ਰੇਮ ਹੋਵੇਗਾ, ਉਹੋ ਸਤਿਗੁਰੂ ਦੇ ਉੱਪਰ ਕੁਰਬਾਨ ਹੋ ਸਕਦਾ ਹੈ। ਪ੍ਰੇਮ ਦੀ ਦੂਜੀ ਰੂਪ ਰੇਖਾ ਦੱਸਦੇ ਹਨ, ਕੁਰਬਾਨੀ ਹੈ। ਉਹੀ ਪਿਆਰੇ ਕੁਰਬਾਨ ਹੋਏ ਹਨ ਜਿਹੜੇ ਸਤਿਗੁਰੂ ਪਰਾਇਣ ਸਨ, ਜਿਹੜੇ ਸਤਿਗੁਰੂ ਦੀ ਪ੍ਰੀਤੀ ਵਿੱਚ ਕੁਰਬਾਨ ਸਨ, ਆਸ਼ਿਕ ਸਨੈ।"*

*- ਬਾਬਾ ਨਰਿੰਦਰ ਸਿੰਘ ਜੀ*

# ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ

ਹਰ ਜੁਗ ਦੇ ਵਿੱਚ ਆਉਂਦਾ ਹੈ ਨਵੀਂ ਹੀ ਪ੍ਰੇਮ ਲੀਲ੍ਹਾ ਰਚ ਦਿੰਦਾ ਹੈ, ਨਵੇਂ ਹੀ ਰੰਗ ਦਿਖਾਉਂਦਾ ਹੈ | "ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ" ਉਹ ਬੇਅੰਤ ਹੈ ਉਸ ਦੇ ਚੋਜਾਂ, ਰੰਗਾਂ ਦਾ, ਖੇਡਾਂ ਦਾ ਕੋਈ ਅੰਤ ਨਹੀਂ | ਭਗਵਾਨ ਰਾਮ ਤਸ਼ਰੀਫ ਲਿਆਏ ਤ੍ਰੇਤੇ ਵਿੱਚ, ਬਨਵਾਸ ਹੋ ਗਿਆ ਚਿਤਰਕੋਟ ਵਿੱਚ ਬਿਰਾਜਮਾਨ ਹਨ| ਮਾਤਾ ਸੀਤਾ ਜੀ ਨੂੰ ਇੱਕ ਦਿਨ ਆਖਦੇ ਹਨ ਕਿ ਸੀਤਾ ਹੁਣ ਆਪਾਂ ਜਿਸ ਖੇਡ ਵਾਸਤੇ ਇਸ ਮਾਤਲੋਕ ਵਿੱਚ ਆਏ ਹਾਂ ਉਹ ਖੇਡ ਆਰੰਭ ਕਰੀਏ | ਸਾਧ ਸੰਗਤ ਜੀ ਖੇਡ ਆਰੰਭ ਹੋ ਗਿਆ ਹੈ ਦਿਲ ਨੂੰ ਹਿਲਾਉਣ ਵਾਲਾ ਖੇਡ, ਇਸ ਮਾਤ ਲੋਕ ਨੂੰ ਜਗਾਉਣ ਵਾਲਾ ਖੇਡ| ਉਸ ਖੇਡ ਦੇ ਵਿੱਚ ਭਰਤ ਜੀ, ਵਿਛੋੜੇ ਵਿੱਚ ਜਿਸ ਬਿਰਹਾ ਨੂੰ, ਵੈਰਾਗ ਨੂੰ, ਜਿਸ ਪ੍ਰੇਮ ਨੂੰ ਪ੍ਰਗਟ ਕਰਦੇ ਹਨ, ਕਿਹੜੀ ਬਿਰਹਾ? ਕਿਹੜਾ ਵੈਰਾਗ? ਕਿਹੜਾ ਪ੍ਰੇਮ? ਜਿਹੜਾ ਸਾਰੇ ਸੰਸਾਰ ਨੂੰ ਪ੍ਰਕਾਸ਼ ਕਰ ਸਕਦਾ ਹੈ| ਐਸੀ ਬਿਰਹਾ, ਐਸਾ ਪ੍ਰੇਮ, ਐਸਾ ਵੈਰਾਗ | ਜਿਸ ਤਰ੍ਹਾਂ ਲਛਮਣ

ਜੀ ਆਪਣੇ ਵੀਰ ਵਾਸਤੇ, ਆਪਣੇ ਭਗਵਾਨ ਵਾਸਤੇ ਆਪਣਾ ਆਰਾਮ, ਸੁੱਖ ਸਭ ਕੁੱਝ ਤਿਆਗ ਦਿੰਦੇ ਹਨ :

ਉਹ ਰਾਮਾਇਣ, ਪ੍ਰੇਮ ਭਰੀ ਰਾਮਾਇਣ ਬਣੀ ਅਤੇ ਇੱਕ ਪ੍ਰੇਮ ਦੀ ਮਹਾਨ ਪ੍ਰੇਰਨਾ ਬਣ ਗਈ | ਇਸ ਸੰਸਾਰ ਵਾਸਤੇ ਇੱਕ ਜੀਵਨ ਪ੍ਰਦਾਨ ਕੀਤਾ ਹੈ ਅਤੇ ਇਸ ਸੰਸਾਰ ਨੂੰ ਕਰ ਰਹੀ ਹੈ |

ਦੁਆਪਰ ਆ ਗਿਆ ਭਗਵਾਨ ਕ੍ਰਿਸ਼ਨ ਆਏ, ਭਗਵਾਨ ਕ੍ਰਿਸ਼ਨ ਅਤਿ ਤੋਂ ਜ਼ਿਆਦਾ ਪ੍ਰੇਮ ਕਰਦੇ ਹਨ ਅਰਜਨ ਨੂੰ | ਅਰਜਨ ਆਪਣੀ ਸਮੱਰਥਾ ਨਾਲ ਹੱਦ ਤੋਂ ਜਿਆਦਾ ਪ੍ਰੇਮ ਕਰਦਾ ਹੈ ਆਪਣੇ ਵੀਰ ਨੂੰ, ਸਖਾ ਨੂੰ ਪਰ ਖੇਡ ਕਿਸ ਤਰ੍ਹਾਂ ਆਰੰਭ ਹੋਇਆ ? ਜਿਸ ਖੇਡ ਵਾਸਤੇ ਨਾਰਾਇਣ ਤੇ ਨਰ ਆਪ ਆਏ ਹਨ ਉਹ ਖੇਡ ਕਿਸ ਤਰ੍ਹਾਂ ਆਰੰਭ ਹੁੰਦਾ ਹੈ | ਮਹਾਂਭਾਰਤ ਦੇ ਮੈਦਾਨੇ ਜੰਗ ਦੇ ਵਿੱਚ, ਤੁਸੀਂ ਆਪ ਇਤਿਹਾਸ ਤੋਂ ਵਾਕਫ ਹੋ ਕਿਸ ਤਰ੍ਹਾਂ ਉਸ ਰੱਥ ਨੂੰ ਆਪ ਚਲਾ ਰਹੇ ਹਨ, ਦੋਨਾਂ ਫੌਜਾਂ ਦੇ ਵਿੱਚ ਰੱਥ ਨੂੰ ਲਿਜਾ ਕੇ ਖੜ੍ਹਾ ਕਰ ਦਿੰਦੇ ਹਨ | ਅਰਜਨ ਚਾਰੋਂ ਪਾਸੇ ਦੇਖਕੇ ਆਪਣੇ ਵੀਰ ਨੂੰ, ਸਖਾ ਨੂੰ, ਭਗਵਾਨ ਨੂੰ ਪ੍ਰਸ਼ਨ ਕਰਨੇ ਸ਼ੁਰੂ ਕਰ ਦਿੰਦਾ ਹੈ | ਅਰਜਨ ਉਸ ਖੇਡ ਦੇ ਵਿੱਚ ਕਿਹੜੀ ਜੁਗਤੀ ਵਰਤਦਾ ਹੈ ਜਿਸ ਖੇਡ ਵਾਸਤੇ ਤਸ਼ਰੀਫ ਲਿਆਏ ਹਨ |

ਅਰਜਨ ਪ੍ਰੇਮ ਕਰ ਰਿਹਾ ਹੈ ਆਪਣੇ ਹੀ ਸਖਾ ਨੂੰ, ਵੀਰ ਨੂੰ, ਭਗਵਾਨ ਨੂੰ, ਉਸ ਪ੍ਰੇਮ ਦੇ ਵਿੱਚ ਉਹ ਸਵਾਲ ਕਰ ਰਿਹਾ ਹੈ ਅਤੇ ਜਵਾਬਾਂ ਦੇ ਵਿੱਚ ਆਪਣੇ ਹੀ ਪਿਆਰੇ ਦਾ, ਆਪਣੇ ਹੀ ਭਗਵਾਨ ਇਸ਼ਟ ਦਾ ਸਾਰਾ ਹੀ ਪਿਆਰ ਖਿੱਚ ਲੈਂਦਾ ਹੈ | ਉਸ ਪ੍ਰੇਮ ਨੇ ਫਿਰ ਇੱਕ ਸਰੂਪ ਇੱਕ ਰੂਪ ਅਖਤਿਆਰ

ਕੀਤਾ ‘ਮਾਤਾ ਗੀਤਾ’ ਦਾ| ਅਰਜਨ ਦਾ ਪ੍ਰੇਮ ਭਗਵਾਨ ਦੇ ਸਾਰੇ ਦੇ ਸਾਰੇ ਪ੍ਰੇਮ ਨੂੰ “ਮਾਤਾ ਗੀਤਾ”, ਦੇ ਰੂਪ ਵਿੱਚ ਖਿੱਚ ਲਿਆਂਦਾ ਹੈ |

ਫਿਰ ਅਰਜਨ, ਜੋ ਪਰਉਪਕਾਰ ਇਸ ਦੁਨੀਆਂ ਤੇ ਕਰ ਰਿਹਾ ਹੈ ਉਸ ਪ੍ਰੇਮ ਨੂੰ, ਸਾਰੇ ਹੀ ਪ੍ਰੇਮ ਨੂੰ ਖਿੱਚ ਕੇ ਭਗਵਾਨ ਕ੍ਰਿਸ਼ਨ ਦੇ ਉਸ ਪ੍ਰੇਮ ਨੂੰ ਇਸ ਸੰਸਾਰ ਵਾਸਤੇ ਇੱਕ ਅਨਮੋਲ ਗੀਤਾ ਦੇ ਰੂਪ ਵਿੱਚ ਉਹ ਪ੍ਰਕਾਸ਼, ਉਹ ਪ੍ਰਸ਼ਾਦਿ ਵੰਡ ਦਿੰਦਾ ਹੈ | ਸਾਧ ਸੰਗਤ ਜੀ ਉਹੀ ਅਨਮੋਲ ਗੀਤਾ ਇਸ ਜਗਤ ਦੇ ਪ੍ਰਾਣ ਬਣ ਜਾਂਦੀ ਹੈ ਇੱਕ ਨਿਸਤਾਰੇ ਦਾ ਮਹਾਨ ਸਾਧਨ ਬਣ ਜਾਂਦੀ ਹੈ |

ਕਲਿਜੁਗ ਆਇਆ, ਇਸ ਭਿਆਨਕ ਕਲਿਜੁਗ ਦੇ ਵਿੱਚ ਫਿਰ ਨਿਰੰਕਾਰ ਕਿਹੜਾ ਨਵਾਂ ਹੀ ਚੋਜ ਖੇਡਦਾ ਹੈ, ਨਵਾਂ ਹੀ ਰੰਗ ਚੜਾਉਂਦਾ ਹੈ, ਇੱਕ ਨਵਾਂ ਹੀ ਰੂਪ ਸਜਾਉਂਦਾ ਹੈ | ਸਾਧ ਸੰਗਤ ਜੀ 1999 ਦੀ ਤਿੰਨ ਸੌ ਸਾਲਾ ਸ਼ਤਾਬਦੀ ਜੋ ਵਿਸਾਖੀ ਦਸ ਸਾਲ ਪਹਿਲੇ ਆਈ | ਸਾਹਿਬ ਦੇ ਇਸ਼ਾਰੇ, ਹੁਕਮ ਦੇ ਵਿੱਚ ਸੇਵਾ ਆਰੰਭ ਕੀਤੀ ਹੈ ਉਹ ਸ਼ਤਾਬਦੀ ਤੇ ਇਸੇ ਸਾਲ ਉਸੇ ਪ੍ਰਕਾਸ਼ ਦੀ ਇੱਕ ਹੋਰ ਸ਼ਤਾਬਦੀ ਹੈ, ਉਹਦੇ ਬਾਅਦ ਇੱਕ ਤੀਜੀ ਸ਼ਤਾਬਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ‘ਸੌ’ ਸਾਲਾ ਗੁਰਗੱਦੀ ਦਿਵਸ ਦੀ ਸ਼ਤਾਬਦੀ, ਉਸਦੇ ਬਾਅਦ ਨਾਲ ਹੀ ਉਹ ਨਿਰੰਕਾਰ ਜਿਹੜੇ ਸਰੂਪ ਨੂੰ ਧਾਰ ਕੇ ਇਸ ਸੰਸਾਰ ਵਿੱਚ ‘ਇੱਕ’ ਤੋਂ ‘ਦੋ’ ਬਣ ਕੇ ਆਇਆ ਸੀ ਜਿਸ ਨੇ ਇਸ ਕਲੂ ਦੇ ਵਿੱਚ ਨਵਾਂ ਹੀ ਖੇਡ ਖੇਡਿਆ ਹੈ, ਧਰਮ ਨੂੰ ਨਵਾਂ ਹੀ ਰੰਗ ਚੜ੍ਹਾਇਆ ਹੈ ਉਸ ਦੀ ਅਕਾਲ ਗਮਨ ਦੀ ਤਿੰਨ ਸੌ ਸਾਲਾ ਉਹ ਸ਼ਤਾਬਦੀ | ਇਹ ਦਸ ਸਾਲ ਉਹ ਹਨ

ਜਿਹੜੇ ਮੇਰੇ ਦਸ਼ਮੇਸ਼ ਪਿਤਾ ਨੇ ਖੇਡ ਖੇਡੇ ਹਨ | ਇਹ ਮੇਰੇ ਨਿਰੰਕਾਰ ਦੇ ਪ੍ਰਕਾਸ਼ ਦੇ ਤਿੰਨ ਅਲਿਹਦਾ ਪੱਖ ਹਨ |

ਪਹਿਲਾ ਪੱਖ ਜਿਹੜਾ ਪ੍ਰਕਾਸ਼ ਉਸ ਵੇਲੇ ਪ੍ਰੇਮ ਦਾ ਕੇਸਗੜ੍ਹ ਸਾਹਿਬ ਖੇਡਿਆ ਹੈ, ਜਿਸ ਤਰ੍ਹਾਂ ਉਸ ਪ੍ਰਕਾਸ਼ ਨੂੰ ਇਸ ਸੰਸਾਰ ਵਿੱਚ ਪ੍ਰਗਟ ਕੀਤਾ ਹੈ ਅਤੇ ਉਸ ਦੇ ਬਾਅਦ ਜਿਸ ਤਰ੍ਹਾਂ ਸਾਰੇ ਸਰਬੰਸ ਨੂੰ ਉਸ ਪ੍ਰਕਾਸ਼ ਵਿੱਚ ਲੁਟਾਇਆ |

ਦੂਜਾ ਪੱਖ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਧਰਮ ਦੀ ਖਾਤਿਰ, ਸੇਵਾ ਦੀ ਖਾਤਿਰ ਸਾਹਿਬ ਆਏ ਹਨ ਫਿਰ ਜਿਸ ਤਰ੍ਹਾ ਦੀਆਂ ਪ੍ਰੇਮ ਆਹੂਤੀਆਂ ਦਿੱਤੀਆਂ ਹਨ ਅਤੇ ਉਸ ਪ੍ਰੇਮ ਆਹੂਤੀ ਵਿੱਚ, ਉਸ ਪ੍ਰੇਮ ਦੇ ਵਿੱਚ ਜੋ ਸਿਖ਼ਰ ਦੇ ਰੰਗ ਖੇਡੇ ਹਨ, ਰੰਗ ਚੜ੍ਹਾਏ ਹਨ, ਚੋਜ ਵਰਤੇ ਹਨ, ਮਹਾਨ ਆਹੂਤੀਆਂ ਦੀ ਸੇਜ ਬਣਾਈ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੈ |

ਫਿਰ ਸਾਧ ਸੰਗਤ ਜੀ ਉਨ੍ਹਾਂ ਦਾ ਤੀਜਾ ਪੱਖ ਜਿਸ ਤਰ੍ਹਾਂ ਨਿਰੰਕਾਰ ਇਸ ਸੰਸਾਰ ਵਿੱਚ, ਇਸ ਮਾਤਲੋਕ ਵਿੱਚ ਨਿਸਤਾਰੇ ਦੀ ਖ਼ਾਤਿਰ ਸਭ ਕੁੱਝ ਆਪਣਾ ਕੁਰਬਾਨ ਕਰੀ ਜਾ ਰਿਹਾ ਹੈ, ਉਸ ਵੇਲੇ ਆਪਣੇ ਆਪ ਨੂੰ ਬਿਲਕੁਲ ਅਲੋਪ ਕਰਕੇ, ਅਲਿਹਦਾ ਕਰਕੇ ਸਾਹਿਬ ਦੇ ਚਰਨਾਂ ਵਿੱਚ ਸਭ ਨੂੰ ਸਮਰਪਣ ਕਰਕੇ ਫਿਰ ਕਿਸ ਤਰ੍ਹਾ ਉਸ ਪ੍ਰਕਾਸ਼ ਦੇ ਵਿੱਚ ਅਲੋਪ ਹੋ ਜਾਂਦੇ ਹਨ| ਸਾਧ ਸੰਗਤ ਜੀ ਇਹ ਅਕਥਕਥਾ ਹੈ| ਜਿਸ ਨੂੰ ਆਪ ਨਾਲ ਸਾਂਝਾ ਕਰਨ ਦਾ ਨਿਮਾਣਾ ਜਿਹਾ ਯਤਨ ਹੈ |

ਇਕ ਨਵਾਂ ਹੀ ਚੋਜ ਦਿਖਾਇਆ ਏ,

ਇਕ ਨਵਾਂ ਹੀ ਰੰਗ ਚੜ੍ਹਾਇਆ ਏ|

ਇਕ ਨਵਾਂ ਹੀ ਖੇਡ ਰਚਾਇਆ ਏ,

ਇਕ ਨਵਾ ਹੀ ਰੂਪ ਸਜਾਇਆ ਏ |

ਤਿੰਨ ਸੌ ਸਾਲ ਹੋਏ ਗੁਰੂ ਨਾਨਕ ਨੇ,

ਇਕ ਨਵਾਂ ਹੀ ਚੋਜ ਦਿਖਾਇਆ ਏ|

ਸਰਬੰਸ ਦੇ ਫੁੱਲਾਂ ਦੀ ਸੇਜ ਤੇ

ਗੁਰੂ ਗ੍ਰੰਥ ਦਾ ਆਸਣ ਲਾਇਆ ਏ |

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ

ਨਿਰਾਲਾ ਇਸ਼ਕ ਨਿਭਾਇਆ ਏ |

ਵਾਹ ਵਾਹ ਗੁਰੂ ਗੋਬਿੰਦ ਸਿੰਘ ਜੀ,

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ |

ਸਰਬੰਸ ਦੇ ਫੁੱਲਾਂ ਦੀ ਸੇਜ ਤੇ,

ਗੁਰੂ ਗ੍ਰੰਥ ਦਾ ਆਸਣ ਲਾਇਆ ਏ |

ਨੀਤ ਨਵਾਂ ਨੀਤ ਨਵਾਂ, ਸਾਹਿਬ ਮੇਰਾ ਨੀਤ ਨਵਾਂ |

ਸਾਹਿਬ ਮੇਰਾ ਨੀਤ ਨਵਾਂ, ਸਦਾ ਸਦਾ ਦਾਤਾਰੁ |

ਇਕ ਨਵਾਂ ਹੀ ਚੋਜ ਦਿਖਾਇਆ ਏ,

ਇਕ ਨਵਾਂ ਹੀ ਰੰਗ ਚੜ੍ਹਾਇਆ ਏ|

ਨਵਾਂ ਹੀ ਖੇਡ ਰਚਾਇਆ ਏ,

ਇੱਕਨਵਾਂ ਹੀ ਰੂਪ ਸਜਾਇਆ ਏ |

ਇਹ ਕੋਣ ਤੇਜਸਵੀ ਹੈ ਜਿਸ ਨੇ

ਹੱਸ ਕੇ ਸਰਬੰਸ ਲੁਟਾਇਆ ਏ|

ਨਿਰੰਕਾਰ ਰੂਪ ਗੁਰੂ ਗ੍ਰੰਥ ਦੇ

ਚਰਨਾਂ ਤੇ ਸੀਸ ਟਿਕਾਇਆ ਏ |

ਸਰਬੰਸ ਦੇ ਫੁੱਲਾਂ ਦੀ ਸੇਜ ਤੇ

ਗੁਰੂ ਗ੍ਰੰਥ ਦਾ ਆਸਣ ਲਾਇਆ ਏ|

ਵਾਹ ਵਾਹ ਗੁਰੂ ਗੋਬਿੰਦ ਸਿੰਘ ਜੀ

ਨਿਰਾਲਾ ਇਸ਼ਕ ਨਿਭਾਇਆ ਏ|

ਤਿੰਨ ਸੌ ਸਾਲ ਹੋਏ ਗੁਰੂ ਨਾਨਕ ਨੇ

ਇੱਕ ਨਵਾਂ ਹੀ ਚੋਜ ਦਿਖਾਇਆ ਏ|

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-853)*

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਸੱਚੇ ਪਾਤਸ਼ਾਹ ਅਰਦਾਸ ਕਰਦੇ ਹਨ ਕਿ ਸੱਚੇ ਪਾਤਸ਼ਾਹ ਇਸ ਕਲਿਜੁਗ ਵਿੱਚ, ਇਸ ਸੜ੍ਹਦੇ ਬਲਦੇ ਸੰਸਾਰ ਨੂੰ ਰੱਖ ਲਵੋ | ਜਿਸ ਧਰਮ ਵਿੱਚ ਵੀ ਕੋਈ ਹੈ, ਜਿਸ ਦਰਵਾਜੇ ਰਾਹੀਂ ਕੋਈ ਵੀ ਆ ਰਿਹਾ ਹੈ ਉਸ ਨੂੰ ਰੱਖ ਲੈ, ਬਖਸ਼ਿਸ਼ ਕਰ, ਕ੍ਰਿਪਾ ਕਰ | ਫਿਰ ਪੰਜਵੇ ਸਰੂਪ ਦੇ ਵਿੱਚ ਗੁਰੂ ਅਰਜਨ ਪਾਤਸ਼ਾਹ ਦੇ ਸਰੂਪ ਵਿੱਚ ਆਪ ਹੀ ਸੱਚੇ ਪਾਤਸ਼ਾਹ ਅੱਗ ਤੇ ਆਸਣ ਲਾ ਲੈਂਦੇ ਹਨ | ਕਿਹੜੇ ਸਰੂਪ ਦੇ ਵਿੱਚ?

ਕਲਜੁਗਿ ਜਹਾਜੁ ਅਰਜੁਨੁ ਗੁਰੂ

ਸਗਲ ਸਿਸਿਟ ਲਗਿ ਬਿਤਰਹੁ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-1408)*

ਇਹ ਸਾਰੇ ਸੰਸਾਰ ਨੂੰ ਕਲੂ ਦੇ ਵਿੱਚ ਬਚਾਉਣ ਵਾਸਤੇ ਆਇਆ ਹੈ| ਸਾਧ ਸੰਗਤ ਜੀ ਫਿਰ ਆਪਣੇ ਹੀ ਰੂਪ ਵਿੱਚ, ਨਿਮਰਤਾ ਵਿੱਚ ਅੱਗ ਤੇ ਆਸਣ ਲਾ ਲੈਂਦਾ ਹੈ | ਜੇ ਪੰਜ ਸੌ ਪੰਡਿਤ, ਪੰਡਿਤ ਕ੍ਰਿਪਾ ਰਾਮ ਜੀ ਦੀ ਅਗਵਾਈ ਹੇਠ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਚਰਨਾਂ ਵਿੱਚ ਪਹੁੰਚਦੇ ਹਨ, ਆਪਣੀ ਬਿਪਤਾ ਦੱਸ ਰਹੇ ਹਨ ਉਸ ਵੇਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨੌ ਸਾਲ ਦੀ ਆਯੂ ਹੈ, ਸਾਰੀ ਬਿਪਤਾ ਸੁਣੀ ਹੈ ਪੁੱਛਦੇ ਹਨ ਆਪਣੇ ਨਿਰੰਕਾਰ ਸਰੂਪ ਪਿਤਾ ਨੂੰ ਸੱਚੇ ਪਾਤਸ਼ਾਹ ਇਸ ਦਾ ਉਪਾਅ ਕੀ ਹੈ ? ਅੱਗੋਂ ਫੁਰਮਾਇਆ ਪੁੱਤ ਇੱਕ ਮਹਾਨ ਮਹਾਂਪੁਰਸ਼ ਦੇ ਬਲੀਦਾਨ ਦੀ ਲੋੜ ਹੈ | ਦਸਮੇਸ਼ ਪਿਤਾ ਜੀ ਅੱਗੋਂ ਫੁਰਮਾਉਂਦੇ ਹਨ ਨਿਰੰਕਾਰ ਪਿਤਾ ਜੀ ਸੱਚੇ ਪਾਤਸ਼ਾਹ ਆਪ ਤੋਂ ਵੱਡਾ ਹੋਰ ਮਹਾਨ ਮਹਾਂਪੁਰਸ਼ ਕੌਣ ਹੋ ਸਕਦਾ ਹੈ | ਸਾਧ ਸੰਗਤ ਜੀ ਫਿਰ ਕਿਸ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਬਲੀਦਾਨ ਦੇਣ ਦੀ ਕੀ ਜੁੱਗਤੀ ਦੱਸ ਰਹੇ ਹਨ? ਕੀ ਤਰੀਕਾ ਦੱਸ ਰਹੇ ਹਨ? ਦਸਮੇਸ਼ ਪਿਤਾ ਜੀ ਕੀ ਫੁਰਮਾਉਂਦੇ ਹਨ?

ਤੇਗ਼ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ||

ਇਸ ਤਰ੍ਹਾ ਦਾ ਚੋਜ ਨਿਰੰਕਾਰ ਨੇ ਪਹਿਲਾਂ ਕਦੀ ਨਹੀਂ ਖੇਡਿਆ |

ਕੀ ਹਰ ਵਾਰੀ ਨਿਰੰਕਾਰ ਨੇ

ਇੱਕ ਨਵਾਂ ਹੀ ਰੰਗ ਦਿਖਾਇਆ ਨਹੀਂ |

ਕੀ ਗੁਰੂ ਅਰਜਨ ਦੇ ਰੂਪ 'ਚ

ਤਤੀ ਤਵੀ ਤੇ ਆਸਣ ਲਾਇਆ ਨਹੀਂ|
ਕੀ ਨਿਰੰਕਾਰ ਨੇ ਧਰਮ ਦੀ ਖ਼ਾਤਿਰ
ਆਪਣਾ ਸੀਸ ਕਟਾਇਆ ਨਹੀਂ |
ਕੀ ਹੇਮਕੁੰਟ ਤੇ ਤੂੰ ਅਖੰਡ
ਪ੍ਰੇਮ ਦਾ ਆਸਣ ਲਾਇਆ ਨਹੀਂ |
ਵਾਹ ਵਾਹ ਗੁਰੂ ਗੋਬਿੰਦ ਸਿੰਘ ਜੀ
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ |
ਸਰਬੰਸ ਦੇ ਫੁੱਲਾਂ ਦੀ ਸੇਜ ਤੇ
ਗੁਰੂ ਗ੍ਰੰਥ ਦਾ ਆਸਣ ਲਾਇਆ ਏ |
ਨੀਤ ਨਵਾਂ ਨੀਤ ਨਵਾਂ ਸਾਹਿਬ ਮੇਰਾ ਨੀਤ ਨਵਾਂ ||
ਸਾਹਿਬ ਮੇਰਾ ਨੀਤ ਨਵਾਂ ਸਦਾ ਸਦਾ ਦਾਤਾਰੁ ||
ਇਕ ਨਵਾਂ ਹੀ ਚੋਜ ਦਿਖਾਇਆ ਏ,
ਇੱਕਨਵਾਂ ਹੀ ਰੰਗ ਚੜ੍ਹਾਇਆ ਏ|
ਇਕ ਨਵਾਂ ਹੀ ਖੇਡ ਰਚਾਇਆ ਏ,
ਇੱਕਨਵਾਂ ਹੀ ਰੂਪ ਸਜਾਇਆ ਏ |

## ਬਲੀਦਾਨ ਦੇ ਅਰਥਾਂ ਨੂੰ ਵੀ ਭਾਗ ਲਾ ਦਿੱਤਾ

ਪਿਤਾ ਜੀ ਕਹਿਣ ਲੱਗੇ ਕਿ ਮੇਰੇ ਦਸ਼ਮੇਸ਼ ਪਿਤਾ ਨੇ ਇਸ

ਬਲੀਦਾਨ ਦਾ ਜਿਹੜਾ ਪ੍ਰਕਾਸ਼ ਬਖ਼ਸਿਆ ਹੈ, ਇਹ ਤਿੰਨ ਸੌ ਸਾਲ ਹੋਏ ਜਿਹੜਾ ਇੱਕ ਨਵਾਂ ਹੀ ਚੋਜ ਉਸ ਵੇਲੇ ਦਸਵੇਂ ਜਾਮੇਂ ਦੇ ਵਿੱਚ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦਿਖਾ ਰਹੇ ਹਨ, ਸਰਬੰਸ ਦੀ ਫੁੱਲਾਂ ਦੀ ਸੇਜ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਣ ਲਾਇਆ ਹੈ | ਬਲੀਦਾਨ ! ਕਿਨ੍ਹਾਂ ਦਾ ਬਲੀਦਾਨ! ਉਹ ਛੋਟੇ-ਛੋਟੇ ਕੋਮਲ ਸਾਹਿਬਜ਼ਾਦਿਆਂ ਦਾ ਬਲੀਦਾਨ ਦੇ ਕੇ, ਸਾਹਿਬਜਾਦੇ ਕਿਹੜੇ? ਜਿਹੜੇ ਅਤਿ ਤੋਂ ਵੀ ਜਿਆਦਾ ਫਰਮਾਬਰਦਾਰ, ਬਰਖ਼ੁਰਦਾਰ ਸਨ | ਸਾਧ ਸੰਗਤ ਜੀ ਗੁਰੂ ਨਾਨਕ ਪਾਤਸ਼ਾਹ ਦੀ ਪੂਰੀ ਮਿਹਰ ਅਤੇ ਬਖਸ਼ਿਸ਼ ਦੇ ਪਾਤਰ ਸਨ |

ਸਾਧ ਸੰਗਤ ਜੀ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਉਹ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਸਨ, ਪਾਤਰ ਸਨ, ਅਧਿਕਾਰੀ ਸਨ | ਪਿਤਾ ਜੀ ਕਹਿਣ ਲੱਗੇ ਸਤਿਗੁਰੂ ਇੱਛਾ ਰਹਿਤ ਹੁੰਦਾ ਹੈ, ਗੁਰੂ ਸਾਹਿਬਾਨ ਨੇ ਜਦੋਂ ਸਿੱਖੀ ਦੇ ਪੂਰਨੇ ਪਾ ਕੇ ਦੱਸੇ ਹਨ, ਸਾਧ ਸੰਗਤ ਜੀ ਕਿੰਨੇ ਕੁ ਇੱਛਾ ਰਹਿਤ ਸੀ, ਗੁਰਗੱਦੀ ਵੱਲ ਕੋਈ ਧਿਆਨ ਸੀ ? ਉਨ੍ਹਾਂ ਛੋਟੇ-ਛੋਟੇ ਸਾਹਿਬਜ਼ਾਦਿਆਂ ਨੇ ਜਿਹੜੇ ਪਾਤਰ ਸਨ, ਵਾਰਸ ਸਨ, ਅਧਿਕਾਰੀ ਸਨ|

ਜਿਸ ਤਰ੍ਹਾਂ ਬਲੀਦਾਨ ਨੂੰ ਚਾਰ ਚੰਦ ਲਾਏ ਹਨ | ਸਾਧ ਸੰਗਤ ਜੀ ਕੋਈ ਸ਼ੰਕਾ ਨਹੀਂ ਰਹਿੰਦਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕੋਮਲ ਸਾਹਿਬਜਾਦਿਆਂ ਨੇ ਬਲੀਦਾਨ ਦੇ ਅਰਥਾਂ ਨੂੰ, ਬਲੀਦਾਨ ਨੂੰ ਵੀ ਹਮੇਸ਼ਾਂ ਵਾਸਤੇ ਭਾਗ ਲਾ ਦਿੱਤਾ ਹੈ |

ਤੂੰ ਗੁਰੂ ਨਾਨਕ ਦਾ ਸੱਚਾ ਹੈ
ਪ੍ਰਕਾਸ਼ ਗੁਰੂ ਗੋਬਿੰਦ ਸਿੰਘ ਜੀ |

ਅੰਮ੍ਰਿਤ ਦੀ ਵਰਸ਼ਾ ਲਾਈ

ਮੋਲ੍ਹੇਧਾਰ ਗੁਰੂ ਗੋਬਿੰਦ ਸਿੰਘ ਜੀ ।

ਜੋ ਪੈਰਾਂ ਦੇ ਵਿੱਚ ਰੁਲਦੇ ਸਨ

ਅੰਬਰ ਤੇ ਚੁੱਕ ਚੜ੍ਹਾ ਦਿੱਤੇ ।

ਮਿੱਟੀ ਦੇ ਲਾਕਸ਼ ਜ਼ਰ੍ਹੇ ਵੀ

ਸੂਰਜ ਤੋਂ ਵੱਧ ਚਮਕਾ ਦਿੱਤੇ ।

ਤੜਫਦੇ ਯਤੀਮਾਂ ਦਿਆਂ ਹੰਝੂਆਂ ‘ਚ ਗੁਰੂ ਗੋਬਿੰਦ ਸਿੰਘ|

ਦੁੱਖਾਂ ਤੇ ਮੁਸੀਬਤਾਂ ਦੇ, ਮਾਰਿਆ ‘ਚ ਗੁਰੂ ਗੋਬਿੰਦ ਸਿੰਘ|

ਕਣ ਕਣ ਵਿੱਚ ਲਸ਼ਕਾ ਮਾਰੇ, ਗੁਰੂ ਗੋਬਿੰਦ ਸਿੰਘ|

ਸੂਰਜਾਂ ਚੰਨਾਂ ਤੇ ਸਿਤਾਰਿਆਂ ‘ਚ, ਗੁਰੂ ਗੋਬਿੰਦ ਸਿੰਘ|

ਖੰਡਾਂ ਬ੍ਰਹਮਡਾਂ ਤਿੰਨਾਂ ਲੋਕਾਂ ਵਿੱਚ ਗੁਰੂ ਗੋਬਿੰਦ ਸਿੰਘ|

ਗੁਰਾਂ ਦੇ ਨਿਸ਼ਾਨਾਂ, ਗੁਰਦੁਆਰਿਆਂ ‘ਚ ਗੁਰੂ ਗੋਬਿੰਦ ਸਿੰਘ|

ਸਾਰੇ ਮਾਰੋ ਝਾਤੀਆਂ ਆਪਣੇ ਦਿਲਾਂ ਵਿੱਚ|

ਤੇਰੇ ਕੁੱਤੇ ਨੂੰ ਤਾਂ ਜਾਪਦਾ ਏ ਸਾਰਿਆਂ ‘ਚ ਗੁਰੂ ਗੋਬਿੰਦ ਸਿੰਘ|

ਵਾਹ ਵਾਹ ਗੁਰੂ ਗੋਬਿੰਦ ਸਿੰਘ ਜੀ

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ|

ਸਰਬੰਸ ਦੇ ਫੁੱਲਾਂ ਦੀ ਸੇਜ ਤੇ ਗੁਰੂ ਗ੍ਰੰਥ ਦਾ ਆਸਣ ਲਾਇਆ ਏ|

ਫਿਰ ਪਿਤਾ ਜੀ ਨੇ ਫੁਰਮਾਇਆ ਸਿੱਖ ਦੇ ਅੰਦਰ ਵੀ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਉਸ ਤਰੀਕੇ ਨੂੰ, ਜਿਸ ਤਰ੍ਹਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਿਆਰਿਆ ਹੈ, ਸਤਿਕਾਰਿਆ ਹੈ, ਨਿਹਾਰਿਆ ਹੈ ਉਸ ਵੇਲੇ ਉਸ ਦੇ ਅੰਦਰੋਂ ਇੱਕ ਤੜਪ ਉੱਠਦੀ ਹੈ, ਆਤਮ ਵਿੱਚੋਂ ਪਿਆਸ ਉੱਠਦੀ ਹੈ, ਉਸ ਦਾ ਜੀਅ ਕਰਦਾ ਹੈ ਕਿ ਹਮੇਸ਼ਾਂ ਸਾਹਿਬ ਦੇ ਚਰਨਾਂ ਵਿੱਚ ਆਉਂਦਾ ਰਹਾਂ ਅਤੇ ਹਰ ਵਾਰੀ ਆਪਣਾ ਸੀਸ ਕੱਟ ਕੇ ਸਾਹਿਬ ਦੇ ਚਰਨਾਂ ਵਿੱਚ ਭੇਂਟ ਕਰੀ ਜਾਵਾਂ ਅਤੇ ਇਹ ਕਰਦਾ ਕਦੀ ਵੀ ਨਾ ਥੱਕਾਂ, ਕਦੇ ਵੀ ਨਾ ਰੱਜਾਂ |

## ਮਹਾਰਾਜਾ ਰਣਜੀਤ ਸਿੰਘ ਜੀ ਦਾ ਗੋਬਿੰਦ ਪ੍ਰੇਮ

ਇੱਕ ਦਫਾ ਪਿਤਾ ਜੀ ਨੇ ਇੱਕ ਪਾਵਨ ਸਾਖੀ ਸੁਣਾਈ | ਮਹਾਰਾਜਾ ਰਣਜੀਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣ ਕੇ ਦਸਮੇਸ਼ ਪਿਤਾ ਦੀ ਕਲਗੀ ਨੂੰ ਚੁੰਮਿਆ ਹੈ, ਮਸਤਕ ਤੇ ਲਗਾਇਆ ਹੈ ਤੇ ਮੱਥਾ ਟੇਕਿਆ ਹੈ | ਦਰਬਾਰ ਵਿੱਚ ਆ ਕੇ ਬੈਠੇ ਹਨ ਤੇ ਇੱਕ ਸਵਾਲ ਕੀਤਾ,

"ਇਸ ਵੇਲੇ ਇਸ ਧਰਤੀ ਤੇ ਕੋਈ ਐਸਾ ਭਾਗਸ਼ਾਲੀ ਸਿੱਖ ਹੋਵੇਗਾ ਜਿਸ ਨੇ ਆਪਣੇ ਇਨ੍ਹਾਂ ਨੇਤਰਾਂ ਨਾਲ ਮੇਰੇ ਸਾਹਿਬ ਸਤਿਗੁਰੂ ਕਲਗੀਧਰ ਪਿਤਾ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਹੋਣ" ?

ਸਾਧ ਸੰਗਤ ਜੀ ਭਾਲ ਸ਼ੁਰੂ ਹੋ ਗਈ ਹੈ | ਪਹਾੜ ਦੀਆਂ ਖੁੰਦਕਾਂ ਵਿੱਚੋਂ ਇੱਕ ਨਿਹੰਗ ਸਿੰਘ ਜਾ ਲੱਭਿਆ ਉਸਨੂੰ ਪੁੱਛਿਆ

ਹੈ ਤਾਂ ਅੱਗੋਂ ਜਵਾਬ ਦਿੱਤਾ ਹੈ ਅਸੀਂ ਆਪਣੇ ਨੇਤਰਾਂ ਨਾਲ ਸਾਹਿਬ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕੀਤੇ ਹਨ ਉਹ ਬੜੇ ਖੁਸ਼ ਹੋਏ ਤੇ ਪੁੱਛਿਆ ਹੈ ਕਿ ਤੁਹਾਡਾ ਕਿਸ ਤਰ੍ਹਾਂ ਆਉਣਾ ਹੋਇਆ ਹੈ ਅੱਗੋਂ ਜਵਾਬ ਦਿੱਤਾ ਕਿ ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਇਹ ਸਵਾਲ ਕੀਤਾ, ਉਨ੍ਹਾਂ ਦੇ ਹਿਰਦੇ ਵਿੱਚੋਂ ਇਹ ਪਿਆਸ ਉੱਠੀ ਹੈ ਕਿ ਇਸ ਵੇਲੇ ਕੋਈ ਐਸਾ ਗੁਰਸਿੱਖ ਵੀ ਹੈ ਜਿਸਨੇ ਦਸਮੇਸ਼ ਪਿਤਾ ਦੇ ਦਰਸ਼ਨ ਕੀਤੇ ਹੋਣ|

ਬੜੇ ਖੁਸ਼ ਹੋਏ ਕਹਿਣ ਲੱਗੇ ਜੀ ਅਸੀਂ ਹੁਣ ਜਾ ਕੇ ਉਨ੍ਹਾਂ ਨੂੰ ਤੁਹਾਡਾ ਪਤਾ ਦਿਆਂਗੇ ਅਤੇ ਉਹ ਤੁਹਾਡੇ ਦਰਸ਼ਨਾਂ ਵਾਸਤੇ ਆਉਣਗੇ | ਅੱਗੋਂ ਨਿਹੰਗ ਸਿੰਘ ਕਹਿਣ ਲਗਾ ਨਹੀਂ, ਅਸੀਂ ਹੀ ਚਲਦੇ ਹਾਂ ਤੇ ਨਾਲ ਹੀ ਆਏ ਹਨ| ਉਸ ਵੇਲੇ ਵੀ ਦਰਬਾਰ ਲੱਗਿਆ ਹੋਇਆ ਹੈ, ਜਿਸ ਵੇਲੇ ਉਹ ਤਸ਼ਰੀਫ ਲਿਆਏ ਹਨ | ਮਹਾਰਾਜਾ ਰਣਜੀਤ ਸਿੰਘ ਉੱਠੇ ਹਨ ਅਤੇ ਜਾ ਕੇ ਉਨ੍ਹਾਂ ਦੇ ਚਰਨਾਂ ਤੇ ਮਸਤਕ ਰੱਖਿਆ ਹੈ ਉਸਦੇ ਚਰਨਾਂ ਨੂੰ ਚੁੰਮਿਆਂ ਹੈ, ਆਪਣੇ ਦਾੜ੍ਹੇ ਨਾਲ ਚਰਨਾਂ ਨੂੰ ਸਪਰਸ਼ ਕੀਤਾ, ਛਾੜਿਆ ਹੈ ਤੇ ਫਿਰ ਹੱਥ ਜੋੜ ਕੇ ਪੁੱਛਿਆ ਹੈ ਤੁਸੀਂ ਮੇਰੇ ਸਾਹਿਬ, ਮੇਰੇ ਸਤਿਗੁਰੂ, ਮੇਰੇ ਪ੍ਰੀਤਮ, ਮੇਰੇ ਬਾਬਲ ਦੇ ਦਰਸ਼ਨ ਇਨ੍ਹਾਂ ਨੇਤਰਾਂ ਨਾਲ ਕੀਤੇ ਹਨ ? ਤਾਂ ਉਸ ਵੇਲੇ ਉਹ ਨਿਹੰਗ ਸਿੰਘ ਫੁਰਮਾਉਣ ਲੱਗੇ,

“ਰਣਜੀਤ ਸਿੰਘ ਅਸੀਂ ਸਾਹਿਬ ਦੇ ਹੁਕਮ ਅਤੇ ਰਜਾ ਦੇ ਵਿੱਚ ਉਨ੍ਹਾਂ ਦੀ ਛਤਰ ਛਾਇਆ ਹੇਠ ਤਿੰਨ ਯੁੱਧ ਲੜੇ ਹਨ | ਮਹਾਰਾਜਾ ਰਣਜੀਤ ਸਿੰਘ ਇੱਕ ਮਨ ਇੱਕ ਚਿੱਤ ਹੋ ਕੇ ਸੁਣ ਰਹੇ ਹਨ | ਫੁਰਮਾਇਆ ਕਿ ਜਿਸ ਵਕਤ ਵੀ ਅਸੀਂ ਯੁੱਧ ਦੇ

ਵਿੱਚ ਜਾਂਦੇ ਸੀ ਉਸ ਵੇਲੇ ਸਾਹਿਬ ਸੱਚੇ ਪਾਤਸ਼ਾਹ ਇੱਕ ਚੌਂਕੀ ਦੇ ਉੱਤੇ ਨੰਗੇ ਚਰਨਾਂ ਨਾਲ ਖੜ੍ਹੇ ਹੋ ਜਾਂਦੇ ਸਨ | ਅਸੀਂ ਸਾਰੇ ਇੱਕ ਲਾਈਨ ਬਣਾ ਕੇ ਉਨ੍ਹਾਂ ਦੇ ਚਰਨਾਂ ਤੇ ਜਾ ਕੇ ਮਸਤਕ ਰੱਖਦੇ ਸੀ, ਮਸਤਕ ਰੱਖ ਕੇ ਗਰੂ ਗੋਬਿੰਦ ਸਿੰਘ ਸਾਹਿਬ ਦੇ ਚਰਨ ਕਮਲਾਂ ਨੂੰ ਚੁੰਮਦੇ ਸੀ, ਜਿਸ ਵਕਤ ਸੀਸ ਉੱਤੇ ਕਰਕੇ ਉਨ੍ਹਾਂ ਦੇ ਦਰਸ਼ਨ ਕਰਨੇ, ਉਸ ਵੇਲੇ ਸਾਹਿਬ ਆਪਣੇ ਪਾਵਨ ਮੁੱਖ ਤੋਂ ਤਿੰਨ ਵਾਰੀ ਨਿਹਾਲ, ਨਿਹਾਲ, ਨਿਹਾਲ ਬੋਲਕੇ ਸਾਨੂੰ ਨਿਵਾਜਦੇ ਸਨ|

ਰਣਜੀਤ ਸਿੰਘ ਜੋ ਉਸ ਵੇਲੇ ਸਾਡੀ ਅਵਸਥਾ ਸੀ ਉਹ ਇਹ ਗਰੀਬ ਬਿਆਨ ਨਹੀਂ ਕਰ ਸਕਦਾ | ਉਨ੍ਹਾਂ ਦੀ ਨਦਰ ਤੋਂ ਜੋ ਬਖਸ਼ਿਸ਼, ਅੰਮ੍ਰਿਤ ਵਰਸਦਾ ਸੀ ਉਹ ਉਹੀ ਦੱਸ ਸਕਦਾ ਹੈ, ਜਿਸ ਨੇ ਉਸ ਅੰਮ੍ਰਿਤ ਵਿੱਚ ਇਸ਼ਨਾਨ ਕੀਤਾ ਹੋਵੇ | ਉਸ ਵੇਲੇ ਇਸ ਤਰ੍ਹਾਂ ਦਾ ਬੀਰ ਰਸ, ਸਭ ਤੋਂ ਵੱਡੀ ਚੀਜ਼ ਜੋ ਤੁਰਦੇ ਵੇਲੇ ਇਸ ਤਰ੍ਹਾਂ ਮਹਿਸੂਸ ਹੁੰਦਾਂ ਸੀ, ਉਸ ਮੌਤ ਨੂੰ ਜਾ ਕੇ ਇਸ ਤਰ੍ਹਾ ਜੂਝੀਏ, ਉਸ ਵੇਲੇ ਇਸ ਤਰ੍ਹਾਂ ਲੱਗਦਾ ਸੀ ਉਸ ਅੰਮ੍ਰਿਤ ਨੇ ਅਮਰ ਬਣਾ ਦਿੱਤਾ ਹੈ ਅਤੇ ਉਸ ਮੌਤ ਨੂੰ ਅਸੀਂ ਫਤਹਿ ਕਰ ਚੁੱਕੇ ਹਾਂ | ਦਸ਼ਮੇਸ਼ ਪਿਤਾ ਦੀ ਨਦਰ ਨਾਲ ਜੋ ਜਾ ਕੇ ਫਿਰ ਉੱਥੇ ਯੁੱਧ ਲੜਨਾ, ਫਿਰ ਯਾ ਤੇ ਜਿੱਤ ਕੇ ਆਉਣਾ ਯਾ ਉੱਥੇ ਸ਼ਹੀਦ ਹੋ ਜਾਣਾ, ਕੀ ਮਜ਼ਾਲ ਹੈ ਕਿਸੇ ਸਿੱਖ ਨੇ ਦੁਸ਼ਮਣ ਨੂੰ ਪਿੱਠ ਦਿਖਾਈ ਹੋਵੇ| ਰਣਜੀਤ ਸਿੰਘ, ਉਸ ਮਸਤੀ ਔਰ ਸਰੂਰ ਦੇ ਵਿੱਚ ਬੈਠੇ ਹਾਂ ਹੁਣ ਤੱਕ ਆਪਣੇ ਸਾਹਿਬ ਨੂੰ ਯਾਦ ਕਰ ਰਹੇ ਹਾਂ| ਉਸ ਪਿਆਰ ਦੇ ਵਿੱਚ, ਉਸ ਵੈਰਾਗ ਦੇ ਵਿੱਚ ਇੱਕ ਇੱਕ ਸੁਆਸ ਕਟ ਰਹੇ ਹਾਂ|

ਪਿਤਾ ਜੀ ਨੇ ਫੁਰਮਾਇਆ ਜੋ ਸਤਿਗੁਰੂ ਨੂੰ ਉਸ ਦੇ

ਪਿਆਰ ਵਿੱਚ ਨਿਰੰਕਾਰ ਭਾਵਨਾ, ਨਿਰੰਕਾਰ ਦ੍ਰਿਸ਼ਟੀ ਨਾਲ ਸਤਿਕਾਰਦਾ ਹੈ, ਜੇ ਸਤਿਗੁਰੂ ਨੂੰ ਜ਼ਾਹਰਾ ਜ਼ਹੂਰ ਪਿਆਰਦਾ ਹੈ, ਹਾਜ਼ਰਾ ਹਜ਼ੂਰ ਨਿਹਾਰਦਾ ਹੈ ਤਾਂ

ਲਖ ਖੁਸੀਆ ਪਾਤਿਸਾਹੀਆ

ਜੇ ਸਤਿਗੁਰੁ ਨਦਰਿ ਕਰੇਇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-44)*

ਹੁਣ ਜਿਸ ਨੂੰ ਸਤਿਕਾਰਿਆ ਹੈ, ਪਿਆਰਿਆ ਹੈ, ਨਿਹਾਰਿਆ ਹੈ, ਉਸ ਦੀ ਨਦਰਿ, ਸਾਹਿਬ ਆਪ ਫ਼ੁਰਮਾ ਰਹੇ ਹਨ, "ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰ ਨਦਰਿ ਕਰੇ" | ਪਿਤਾ ਜੀ ਬਹੁਤ ਹੀ ਵੈਰਾਗ ਦੇ ਵਿੱਚ ਸਨ, ਹੰਝੂਆਂ ਦੀ ਧਾਰਾ ਵਹਿ ਰਹੀ ਹੈ, ਫ਼ੁਰਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਕਮਲਾਂ ਵਿੱਚ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਰਨਾਂ ਕਮਲਾਂ ਵਿੱਚ, ਗੁਰੂ ਨਾਨਕ ਪਾਤਸ਼ਾਹ ਦੇ ਚਰਨ ਕਮਲਾਂ ਦੇ ਵਿੱਚ,

ਸਤਿਗੁਰੁ ਮੇਰਾ ਸਦਾ ਸਦਾ ਨ ਆਵੈ ਨਾ ਜਾਇ ||

ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-759)*

ਸਤਿਗੁਰੁ ਮੇਰਾ ਸਦਾ-ਸਦਾ, ਉਹ ਅਬਿਨਾਸੀ ਹੈ, ਨਿਰੰਕਾਰ ਸਰੂਪ ਹੈ, ਦਸੋਂ ਪਾਤਸ਼ਾਹੀਆਂ ਜ਼ਲਵਾ ਫਰੋਜ਼ ਹਨ | ਪਿਤਾ ਜੀ ਦਾ ਵੈਰਾਗ ਦੇਖ ਕੇ ਬਾਬਾ ਨੰਦ ਸਿੰਘ ਸਾਹਿਬ ਨੇ ਫ਼ੁਰਮਾਇਆ ਕਿ ਪੁੱਤ ਫਿਰ ਉਹ ਨਦਰਿ ਵੇਖਣਾ ਚਾਹੁੰਦਾ ਹੈਂ, ਉਸ ਵੇਲੇ ਦਸੋਂ ਪਾਤਸ਼ਾਹੀਆਂ ਜਦੋਂ ਪ੍ਰਤੱਖ ਆਈਆਂ, ਦਸੋਂ

ਪਾਤਸ਼ਾਹੀਆਂ ਫਿਰ ਜਿਸ ਨਦਰਿ ਦੇ ਨਾਲ, ਜਿਸ ਨਦਰਿ ਦੇ ਵਿੱਚ ਦਰਗਾਹ ਦੀਆਂ ਸਾਰੀਆਂ ਬਰਕਤਾਂ ਵਹਿੰਦੀਆਂ ਹਨ | ਉਸ ਵੇਲੇ ਜਦੋਂ ਦਸੋ ਪਾਤਸ਼ਾਹੀਆਂ ਇੱਕ ਹੋ ਕੇ ਉਸ ਪਿਆਰ ਨੂੰ ਪਰਵਾਨ ਕਰ ਰਹੀਆਂ ਹਨ ਉਸ ਵੇਲੇ ਉਹ ਪ੍ਰਵੇਸ਼ ਕਿੱਥੇ ਕਰਦਾ ਹੈ ਉਹ ਨਦਰ ਨਾਲ ਲੱਖ ਖੁਸ਼ੀਆਂ ਪਾਤਸ਼ਾਹੀਆ ਵਾਲਾ ਸਰੂਰ, ਉਹ ਮਸਤੀ, ਉਹ ਨਸ਼ਾ, ਉਹ ਖ਼ੁਮਾਰੀ ਜਦੋਂ ਅੰਦਰ ਪ੍ਰਵੇਸ਼ ਕਰ ਜਾਂਦੀ ਹੈ | ਫਿਰ ਪਿਤਾ ਜੀ ਫੁਰਮਾਉਂਣ ਲੱਗੇ ਪੁੱਤ ਉਸ ਮਸਤੀ ਨੂੰ ਦੇਣ ਵਾਲਾ ਸਿਰਫ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਕੋਈ ਹੋਰ ਨਹੀਂ| ਸਾਧ ਸੰਗਤ ਜੀ ਫਿਰ ਉਹ ਪਿਤਾ ਜੀ ਫੁਰਮਾਉਂਣ ਲੱਗੇ ਜੋ ਇਹ ਬਖਸ਼ਿਸ਼ ਕਰ ਸਕਦਾ ਹੈ ਤੇ ਉਹ ਰਸ ਵੀ ਆਪ ਹੀ ਚਖ ਸਕਦਾ ਹੈ ਕਿਉਂਕਿ ਇਨਸਾਨ ਦੀ 'ਮੈਂ' ਇਹ ਰਸ ਨਹੀਂ ਚੱਖ ਸਕਦੀ |

ਗੁਰੂ ਨਾਨਕ ਤੇ ਗੁਰੂ ਗ੍ਰੰਥ ਦਾ ਸ਼ਿੰਗਾਰ
ਗੁਰੂ ਗੋਬਿੰਦ ਸਿੰਘ ਜੀ |
ਦਾਤੇ ਦੀਆਂ ਦਾਤਾਂ ਵੰਡ ਗਏ
ਦਾਤਾਰ ਗੁਰੂ ਗੋਬਿੰਦ ਸਿੰਘ ਜੀ |
ਸੀਸ ਦਿਆਂ ਤੇਰੇ ਚਰਨਾਂ ਤੋਂ
ਸੌ ਵਾਰ ਗੁਰੂ ਗੋਬਿੰਦ ਸਿੰਘ ਜੀ |
ਤਾਂ ਵੀ ਨਹੀਂ ਤੇਰਾ ਲਹਿ ਸਕਦਾ
ਓਪਕਾਰ ਗੁਰੂ ਗੋਬਿੰਦ ਸਿੰਘ ਜੀ |
ਵਾਹ ਵਾਹ ਗੁਰੂ ਗੋਬਿੰਦ ਸਿੰਘ ਜੀ

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ |
ਸਰਬੰਸ ਦੇ ਫੁੱਲਾਂ ਦੀ ਸੇਜ ਤੇ
ਗੁਰੂ ਗ੍ਰੰਥ ਦਾ ਆਸਣ ਲਾਇਆ ਏ |

# ਨਿਰੰਕਾਰ ਦੀ ਗੁਰਦਛਨਾ (ਦਖਿਣਾ)

ਨੌਂ ਸਾਲ ਦੀ ਆਯੂ ਵਿੱਚ ਸ੍ਰੀ ਗੁਰੂ ਗ੍ਰੋਬਿੰਦ ਸਿੰਘ ਸਾਹਿਬ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਤੇ ਬਿਰਾਜਮਾਨ ਹੋਏ| ਤੇਤੀ ਸਾਲ ਦੀ ਆਯੂ ਵਿੱਚ ਸੱਦਾ ਭੇਜਿਆ ਹੈ ਚਾਰੋ ਪਾਸੇ ਸਾਰੀ ਸੰਗਤ ਇਕੱਠੀ ਹੋ ਗਈ ਹੈ | ਅੱਸੀ ਹਜ਼ਾਰ ਦਾ ਇਕੱਠ ਹੋ ਗਿਆ ਹੈ ਸਾਹਿਬ ਨੇ ਤਿੰਨ ਵਾਰ ਪੁੱਛਿਆ, ਕਿ ਤੁਸੀਂ ਕੌਣ ਹੋ ? ਸੱਚੇ ਪਾਤਸ਼ਾਹ ਅਸੀ ਤੁਹਾਡੇ ਸਿੱਖ | ਅਸੀਂ ਕੌਣ ਹਾਂ ? ਸਾਡੇ ਗੁਰੂ | ਫਿਰ ਕਿਹਾ ਅੱਜ ਗੁਰੂ ਨੂੰ ਤੁਹਾਡੇ ਕੋਲੋਂ ਲੋੜ ਹੈ | ਸਾਰੇ ਖੜ੍ਹੇ ਹੋ ਗਏ, ਹੁਕਮ ਕਰੋ ਸੱਚੇ ਪਾਤਸ਼ਾਹ ਭਗੌਉਤੀ ਕੱਢੀ ਹੈ ਇੱਕ ਸੀਸ ਦੀ ਲੋੜ ਹੈ| ਸਾਧ ਸੰਗਤ ਜੀ ਪਿੱਛੋਂ ਇੱਕ ਗਰੀਬੜਾ ਜਿਹਾ ਉੱਠਿਆ ਹੈ, ਕਲਗੀਧਰ ਪਿਤਾ ਦੇ ਚਰਨਾਂ ਦੇ ਵਿੱਚ ਆਪਣਾ ਸੀਸ ਭੇਂਟ ਕਰਨ ਵਾਸਤੇ ਵਿੱਚ ਦੀ ਤੁਰਿਆ ਜਾ ਰਿਹਾ ਹੈ, ਗੁਰੂ ਕੀ ਗੁਰਦਛਣਾ (ਦਖਿਣਾ) ਮੰਗ ਰਿਹਾ ਹੈ? ਗੁਰੂ ਨੂੰ ਦਖਿਣਾ ਕੀ ਭੇਂਟ ਕਰ ਰਿਹਾ ਹੈ? ਪਿਤਾ ਜੀ ਇੱਕ ਦਿਨ ਸੰਗਤ ਵਿੱਚ ਪੁੱਛਣ ਲੱਗੇ ਕਿ ਪ੍ਰੇਮ ਦੇ ਕੀ ਅਰਥ ਹਨ? ਪ੍ਰੇਮ ਦਾ ਨਿਖਾਰ ਕੀ ਹੈ?

ਪ੍ਰੇ੍ਮ ਦੀ ਰੂਪ ਰੇਖਾ ਕੀ ਹੈ? ਪ੍ਰੇਮ ਦਾ ਸਾਰ ਕੀ ਹੈ ? ਫਿਰ ਆਪ ਹੀ ਜਵਾਬ ਦਿੱਤਾ ਪ੍ਰੇਮ ਦੇ ਅਰਥ ਬਲੀਦਾਨ ਹਨ, ਪ੍ਰੇਮ ਦੀ ਰੂਪ ਰੇਖਾ ਬਲੀਦਾਨ ਹੈ, ਪ੍ਰੇਮ ਦਾ ਨਿਖਾਰ

ਬਲੀਦਾਨ ਹੈ, ਪ੍ਰੇਮ ਦਾ ਸਾਰ ਬਲੀਦਾਨ ਹੈ | ਬਾਬਾ ਨੰਦ ਸਿੰਘ ਸਾਹਿਬ ਨੇ (ਜਿਸ ਵਕਤ ਦਸਮੇਸ਼ ਪਿਤਾ ਨੇ ਸੀਸ ਮੰਗਿਆ ਹੈ) ਫੁਰਮਾਇਆ :

"ਝੂਠ ਬਈ ਝੂਠ, ਬੱਕਰੇ ਕਿਉਂ ਝਟਕਾਏ ਸੀ, ਸਾਹਿਬ ਸਮਰਥ ਸਨ, ਜੋ ਚਾਹੁੰਦੇ ਕਰ ਸਕਦੇ ਸੀ, ਉਹ ਤਾਂ ਸਿੱਖੀ ਦੀ ਪਰਖ ਸੀ, ਸਿੱਖੀ ਮਿਲਦੀ ਸੀਸ ਦੇ ਵੱਟੇ ਹੈ" |

ਪਿਤਾ ਜੀ ਨੇ ਕਹਿਣਾ ਕਿ ਤਿੰਨ ਚੀਜ਼ਾਂ ਵਿਕਾਊ ਨਹੀਂ ਹਨ | 'ਪ੍ਰੇਮ', ਸਤਿਗੁਰੂ ਦਾ ਪ੍ਰੇਮ ਵਿਕਾਊ ਨਹੀਂ ਹੈ, 'ਨਾਮ' ਤੇ 'ਅੰਮ੍ਰਿਤ' | ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬਖ਼ਸ਼ਿਆ ਹੋਇਆ ਅੰਮ੍ਰਿਤ | ਗੁਰਦਛਣਾ ਕੀ ਹੈ? ਬਲੀਦਾਨ ਕੀ ਹੈ ?

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ,

ਗੁਰਿ ਹਾਥੁ ਧਰਿਓ ਮੇਰੈ ਮਾਥਾ||

ਜਨਮ ਜਨਮ ਕੇ ਕਿਲਬਿਖ ਦੁਖ ਉਤਰੇ,

ਗੁਰਿ ਨਾਮੁ ਦੀਓ ਰਿਨੁ ਲਾਥਾ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-696)*

'ਨਾਮ' ਬਾਬਾ ਨੰਦ ਸਿੰਘ ਸਾਹਿਬ ਨੇ ਫੁਰਮਾਇਆ 'ਨਾਮ' ਸਿਰੇ ਦਾ ਸੌਦਾ ਹੈ, ਸਿਰ ਸਿਰ ਸੌਦਾ ਹੈ, 'ਨਾਮ' ਸੀਸ ਦੇ ਵੱਟੇ ਮਿਲਦਾ ਹੈ, 'ਨਾਮ' ਸਤਿਗੁਰੂ ਨੂੰ ਲੈ ਕੇ ਆਉਂਦਾ ਹੈ, ਫਿਰ ਸਤਿਗੁਰੂ ਜਿਹੜਾ ਪਾਤਰ ਹੋਵੇ ਉਸਨੂੰ ਸੀਸ ਦੇ ਵੱਟੇ 'ਨਾਮ' ਬਖ਼ਸ਼ ਦਿੰਦਾ ਹੈ |

"ਗੁਰਿ ਨਾਮੁ ਦੀਓ ਰਿਨੁ ਲਾਥਾ", ਉਹ ਆਪਣਾ ਰਿਨ ਜਿਸ ਨਾਮ ਨੂੰ ਲੈ ਕੇ ਆਇਆ ਹੈ, ਨਾਮ ਉਸ ਨੂੰ ਲੈ ਕੇ ਆਇਆ ਹੈ

ਉਹ ਆਪਣਾ ਰਿਨ ਲਾਹ ਰਿਹਾ ਹੈ | ਸਾਧ ਸੰਗਤ ਜੀ 'ਗੁਰਿ ਰਿਨ', ਜਿਹੜਾ ਨਾਮ ਬਖ਼ਸਦਾ ਹੈ ਉਹ ਗੁਰਮੁੱਖ ਕਿਸ ਤਰ੍ਹਾਂ ਉਤਾਰਦਾ ਹੈ ਸੀਸ ਦੇ ਵੱਟੇ ਹੀ ਨਹੀਂ,

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ||

*(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-608)*

ਗੁਰਮੁਖ ਨੂੰ ਸਤਿਗੁਰੂ ਨੇ ਜਿਹੜਾ ਨਾਮ ਬਖਸ਼ਿਆ ਹੁੰਦਾ ਹੈ ਉਸ ਨੂੰ ਵੰਡ ਕੇ, ਕਰੋੜਾਂ ਦਾ ਉਧਾਰ ਕਰ ਦਿੰਦਾ ਹੈ ਸਾਧ ਸੰਗਤ ਜੀ ਸਿੱਖਾਂ ਨੇ ਆਪਣੇ ਸੀਸ ਨੂੰ ਭੇਂਟ ਕਰਕੇ, ਆਪਣੀ ਗੁਰੂਦਛਣਾ ਦਿੱਤੀ ਹੈ | ਸਾਹਿਬ ਇੱਕ ਤੋਂ ਦੋ ਹੋ ਕੇ ਆਏ ਸੀ, ਨਿਰੰਕਾਰ ਸਤਿਗੁਰੂ ਦੇ ਸਰੂਪ ਵਿੱਚ ਇੱਕ ਮਿਸ਼ਨ ਵਾਸਤੇ ਆਇਆ ਹੈ | ਸਾਧ ਸੰਗਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ "ਪੋਥੀ ਪਰਮੇਸਰ ਦਾ ਥਾਨੁ"||

ਨਿਰੰਕਾਰ ਨੇ ਕਿਹੜਾ ਸਰੂਪ ਧਾਰਿਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ | ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਗੁਰੂ ਦੇ ਸਰੂਪ ਵਿੱਚ ਜਿਸ ਵਕਤ ਦੁਨੀਆਂ ਤੇ ਪ੍ਰਕਾਸ਼ਿਤ ਕੀਤਾ ਹੈ, ਫਿਰ ਸਤਿਗੁਰੂ ਨਿਰੰਕਾਰ ਦੇ ਅੱਗੇ ਕਿਸ ਤਰ੍ਹਾਂ ਦੀ ਗੁਰੂਦਛਣਾ ਦੇ ਰਿਹਾ ਹੈ | ਨਿਰੰਕਾਰ ਦੀ ਸ਼ਾਨ ਤੇ ਸ਼ਾਇਆ, ਨਿਰੰਕਾਰ ਦੀ ਅਜ਼ਮਤ, ਨਿਰੰਕਾਰ ਦੀ ਉਹ ਵਡਿਆਈ ਜਿਸ ਦੇ ਅੱਗੇ ਸਤਿਗੁਰੂ, ਜਗਤ ਗੁਰੂ, ਗੁਰੂਦਛਣਾ ਦੇ ਰਿਹਾ ਹੈ ਕਮਾਲ ਹੀ ਕਮਾਲ ਹੈ | ਦਸਮੇਸ ਪਿਤਾ ਆਪਣੇ ਸਾਰੇ ਸਰਬੰਸ ਦੀ ਫੁੱਲਾਂ ਦੀ ਸੇਜ ਬਣਾ ਕੇ ਫਿਰ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਤੇ ਭੇਂਟ ਕਰ ਰਹੇ ਹਨ |

ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ,

ਨਿਰਾਲਾ ਇਸ਼ਕ ਨਿਭਾਇਆ ਏ |
ਵਾਹ ਵਾਹ ਗੁਰੂ ਗੋਬਿੰਦ ਸਿੰਘ ਜੀ,
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ |
ਸਰਬੰਸ ਦੇ ਫੁੱਲਾਂ ਦੀ ਸੇਜ ਤੇ,
ਗੁਰੂ ਗ੍ਰੰਥ ਦਾ ਆਸਣ ਲਾਇਆ ਏ |
ਨੀਤ ਨਵਾਂ ਨੀਤ ਨਵਾਂ ਸਾਹਿਬ ਮੇਰਾ ਨੀਤ ਨਵਾਂ |
ਸਾਹਿਬ ਮੇਰਾ ਨੀਤ ਨਵਾਂ ਸਦਾ ਸਦਾ ਦਾਤਾਰੁ |
ਇਕ ਨਵਾਂ ਹੀ ਚੋਜ ਦਿਖਾਇਆ ਏ,
ਇੱਕ ਨਵਾਂ ਹੀ ਰੰਗ ਚੜ੍ਹਾਇਆ ਏ|
ਇਕ ਨਵਾਂ ਹੀ ਖੇਡ੍ਹ ਰਚਾਇਆ ਏ,
ਇੱਕ ਨਵਾਂ ਹੀ ਰੂਪ ਸਜਾਇਆ ਏ|

**ਗੁਰੂ ਨਾਨਕ ਦਾਤਾ ਬਖਸ਼ ਲੈ |**

**ਬਾਬਾ ਨਾਨਕ ਬਖਸ਼ ਲੈ ||**